# भारतीय मूल्यों पर आधारित शिक्षा जरूरी



प्रिं. डा. मोहन लाल शर्मा

हम जब भी शिक्षा की बात करते हैं तो आमतौर पर यह समझा जाता है कि इससे हमें वस्तुगत ज्ञान प्राप्त होता है, जिसके बल पर हम कोई रोजगार प्राप्त कर सकते हैं। समाज के लिए इस ज्ञान का भी महत्व है क्योंकि शिक्षित राष्ट्र ही अपने भविष्य को संवारने में सक्षम हो सकता है। इस वस्तुपरक शिक्षा का हमारे जीवन में बहुत महत्व है परन्तु जीवन में केवल पदार्थ ही आवश्यक नहीं हैं।

वर्तमान समय में हमारे नैतिक मूल्य भी बदल रहे हैं क्योंकि नगरीकरण, आधुनिक सभ्यता, वैज्ञानिक दृष्टिकोण आदि के कारण नई पीढ़ी के लोग सभी पुरातनपंथी विचारधाराओं से चिपके नहीं रहना चाहते। अत: शिक्षा में ऐसे असफल नैतिक मूल्यों को जोड़ने का प्रयास नहीं करना चाहिए जो युग के अनुरूप नहीं बदले। सदाचार की वैसी बातें, जो सभी धर्मों तथा सभी सम्प्रदायों को मान्य हैं, समाहित कर हम प्रगतिशील समाज की रचना कर सकते हैं।

पिछले कुछ दशकों से शिक्षा के क्षेत्र में काफी गिरावट आई है जिसका परिणाम आज हमारे सामने है। मनुष्यता की पहचान नैतिक मूल्यों द्वारा ही होती है। उसको यह शिक्षा उसके घर से ही मिलनी आरम्भ होती है, जिसे हम संस्कार कहते हैं। शिक्षा मनुष्य के सम्पूर्ण विकास के लिए उसके विभिन्न पक्षों को शिक्षित करने की प्रक्रिया है। इससे मनुष्य की रचनात्मक कार्य करने, दूसरों की सहायता करने, आत्मसात करने, राष्ट्रीय कार्यों में सहयोग देने की भावना का विकास करना है लेकिन आजकल के बच्चों में संयम, वफादारी, कर्त्तव्यनिष्ठा, शराफत, आत्मसम्मान जैसे गुण दिखाई नहीं देते। आज देश में साक्षरता की दर अवश्य बढ़ी है लेकिन मूल्यों का लगातार पतन हो रहा है। विद्यालयों में विद्यार्थियों का व्यवहार रोबोट के समान हो गया है। बच्चे कहीं न कहीं रटन प्रवृत्ति के शिकार हो रहे हैं। आज की शिक्षा प्रणाली से बच्चा डॉक्टर, इंजीनियर या किसी उच्च पद का अधिकारी तो बन जाता है लेकिन उसमें मूल्यों के गुण कदापि दिखाई नहीं देते। वे केवल धन-दौलत को ही महत्व देते हैं।

इन सभी कारणों से बच्चे तथा युवा वर्ग मानसिक तनाव का शिकार होते जा रहे हैं। शायद इस बात के लिए जितना प्रशासन जिम्मेदार है, माता-पिता तथा अध्यापकों की भूमिका भी इसमें कम नहीं है। माता-पिता तथा अध्यापक उन बच्चों के सामने कोई आदर्श तस्वीर प्रस्तुत नहीं कर पा रहे हैं।

माता-पिता के झगड़े, तलाक, आत्महत्याएं आदि अनेक हिंसक दृश्यों को घर में ही देखकर बच्चे मूल्यों को भूल रहे हैं। वहीं दूसरी ओर नित नए दिन अध्यापक-अध्यापिका तथा छात्रा-अध्यापकों के प्रेम प्रसंगों की खबरें सुनने को मिलती हैं। जिस कारण छात्रों में नैतिक मूल्यों की कद्र ही नहीं है। परिवार ही बच्चों की प्रथम पाठशाला है। यदि परिवार की ओर से अच्छे संस्कार दिए जाएंगे तो वही बच्चे आगे चलकर देश और समाज के विकास में सहायक होंगे। यदि घर में हिंसक प्रवृत्ति होगी तो वे बच्चे आने वाले समय में बदमाश, आतंकवादी प्रवृत्ति के होंगे।

प्राचीन समय में हमारे देश में शिक्षा के लिए गुरुकुल, मठ, आश्रम होते थे तथा छात्र अपनी दिनचर्या में मूल्यों की शिक्षा प्राप्त करते थे। वैदिक शिक्षा प्रणाली का भी मानना है कि समस्त ज्ञान मनुष्य के अन्दर ही स्थित है। उसे यह ज्ञान बाहर से ही एकत्र करना पड़ता है। स्वामी विवेकानंद भी कहते हैं, 'मनुष्य की आन्तरिक पूर्णता को अभिव्यक्त करना ही शिक्षा है। यह ज्ञान चाहे भौतिक हो, नैतिक हो अथवा अध्यात्मिक, पर वह मनुष्य की आत्मा में आवश्यक है।' आवश्यकता है उस ज्ञान को बाहर निकालने की तथा इसका श्रेष्ठ साधन है शिक्षा।

महर्षि वाल्मीकि जी भी कहते थे, 'श्रेष्ठ पुरुष दूसरे पापाचारी प्राणियों के पाप को ग्रहण नहीं करता, उन्हें अपराधी मानकर उनसे बदला नहीं लेता तथा इस नैतिकता की सदा रक्षा करता है।' हमारे ऋषियों तथा मुनियों ने जब कहा था कि 'आचार: परमो धर्म :' तो इसका यही अर्थ था कि नैतिकता ही सबसे बड़ा धर्म है।

आज भी ऐसे तमाम आदर्श शिक्षक हैं जो कर्मठ, सहज और कर्त्तव्यनिष्ठ हैं। वे अपने विद्यार्थियों को बुनियादी मानवीय मूल्यों की शिक्षा भी पाठ्य पुस्तकों की शिक्षा के साथ दे रहे हैं। मेरी निगाह में ऐसे शिक्षक ही असली सम्मान के पात्र हैं। देश में शिक्षा के क्षेत्र में राजनीतिक संकल्प की कमी है। देश का सर्वांगीण तथा समग्र विकास तभी सम्भव है, जब सरकार शिक्षा को प्राथमिक एजैंडे के तौर पर लेगी। एक नागरिक होने के नाते हमें भी आत्म-निरीक्षण की जरूरत है। हमें शिक्षकों को सम्मान की नजर से देखना होगा क्योंकि, 'अध्यापक राष्ट्र की संस्कृति के चतुर माली होते हैं। वे संस्कारों की जड़ों में खाद देते हैं और अपने श्रम से उन्हें सींच-सींच कर महाप्राण शक्तियां बनाते हैं।'

drmlsharma5@gmail.com

पंजाब केसरी
जालंधर, R.N.I. Regd. No. 10117/65, पोस्टल रजि. नं. Pb/JL-192/2018-20
जालन्धर हैड ऑफिस : 0181-5067200/1, 5030000/1, 2280104/7.
Toll Free No. 18001371800
फैक्स : 0181-2280111-14, 5063750, 5030036.
विज्ञापन : 0181-5067249,5067206,5067263,5067253.
advt@punjabkesari.in, news@thepunjabkesari.com
सर्कुलेशन : 0181-5067251, 98151-65655.
स्वत्वाधिकारी हिंद समाचार लिमिटेड सिविल लाइन्स, जालन्धर के लिए मुद्रक, प्रकाशक तथा सम्पादक आर.एस. जौली* द्वारा पंजाब केसरी प्रिंटिंग प्रैस, स्वदेश प्रिंटिंग प्रैस जालन्धर से मुद्रित तथा सिविल लाइन्स, जालन्धर से प्रकाशित।
* इस अंक में प्रकाशित समस्त समाचारों के चयन एवं सम्पादन हेतु पी.आर.बी. एक्ट के अन्तर्गत उत्तरदायी।

# ਭਾਰਤੀ ਕਦਰਾਂ-ਕੀਮਤਾਂ 'ਤੇ ਆਧਾਰਿਤ ਸਿੱਖਿਆ ਜ਼ਰੂਰੀ

**ਅਸੀਂ** ਜਦੋਂ ਵੀ ਸਿੱਖਿਆ ਦੀ ਗੱਲ ਕਰਦੇ ਹਾਂ ਤਾਂ ਆਮ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਇਸ ਨਾਲ ਸਾਨੂੰ ਅਸਲੀ ਗਿਆਨ ਪ੍ਰਾਪਤ ਹੁੰਦਾ ਹੈ, ਜਿਸ ਦੇ ਦਮ 'ਤੇ ਅਸੀਂ ਕੋਈ ਨੌਕਰੀ ਵਗੈਰਾ ਹਾਸਿਲ ਕਰ ਸਕਦੇ ਹਾਂ। ਸਮਾਜ ਲਈ ਇਸ ਗਿਆਨ ਦੀ ਵੀ ਮਹੱਤਤਾ ਹੈ ਕਿਉਂਕਿ ਪੜ੍ਹਿਆ-ਲਿਖਿਆ ਰਾਸ਼ਟਰ ਹੀ ਆਪਣੇ ਭਵਿੱਖ ਨੂੰ ਸੰਵਾਰ ਸਕਦਾ ਹੈ।

ਵਿਗਿਆਨ ਤੇ ਤਕਨੀਕ ਦੀ ਮਹੱਤਤਾ ਨੂੰ ਵੀ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਇਨ੍ਹਾਂ ਦੀ ਵਰਤੋਂ ਕਰ ਕੇ ਹੀ ਖੇਤੀਬਾੜੀ ਅਤੇ ਪਸ਼ੂ ਪਾਲਣ ਖੇਤਰ 'ਚ ਹਰੀ ਤੇ ਚਿੱਟੀ ਕ੍ਰਾਂਤੀ ਲਿਆਂਦੀ ਜਾ ਸਕੀ। ਇਸ ਲਈ ਸਿੱਖਿਆ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ।

ਅੱਜ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਵੀ ਬਦਲ ਰਹੀਆਂ ਹਨ ਕਿਉਂਕਿ ਸ਼ਹਿਰੀਕਰਨ, ਆਧੁਨਿਕ ਸੱਭਿਅਤਾ, ਵਿਗਿਆਨਿਕ ਨਜ਼ਰੀਏ ਆਦਿ ਕਾਰਨ ਨਵੀਂ ਪੀੜ੍ਹੀ ਦੇ ਲੋਕ ਪੁਰਾਤਨਪੰਥੀ ਵਿਚਾਰਧਾਰਾਵਾਂ ਨਾਲ ਜੁੜੇ ਨਹੀਂ ਰਹਿਣਾ ਚਾਹੁੰਦੇ, ਇਸ ਲਈ ਸਿੱਖਿਆ 'ਚ ਅਜਿਹੀਆਂ ਅਸਫਲ ਨੈਤਿਕ ਕਦਰਾਂ-ਕੀਮਤਾਂ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਜੋ ਬਦਲਦੇ ਸਮੇਂ ਮੁਤਾਬਿਕ ਨਹੀਂ ਬਦਲੀਆਂ।

ਇਸ 'ਚ ਧਾਰਮਿਕ ਕੱਟੜਤਾ, ਕਿਸੇ ਇਕ ਧਰਮ ਪ੍ਰਤੀ ਲਗਾਅ ਵਰਗੀ ਭਾਵਨਾ ਨਹੀਂ ਹੋਣੀ ਚਾਹੀਦੀ ਕਿਉਂਕਿ ਇਸ ਨਾਲ ਸਿੱਖਿਆ ਬੋਝਲ ਬਣ ਜਾਂਦੀ ਹੈ। ਸਦਾਚਾਰ ਵਰਗੀਆਂ ਗੱਲਾਂ, ਜੋ ਸਾਰੇ ਧਰਮਾਂ ਤੇ ਫਿਰਕਿਆਂ ਨੂੰ ਮਨਜ਼ੂਰ ਹਨ, ਸ਼ਾਮਿਲ ਕਰ ਕੇ ਅਸੀਂ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

ਹੁਣ ਸਵਾਲ ਹੈ ਕਿ ਸਾਡੀ ਸਿੱਖਿਆ ਦਾ ਪੱਧਰ ਜਾਂ ਮਿਆਰ ਕਿਹੋ ਜਿਹਾ ਹੋਣਾ ਚਾਹੀਦਾ ਹੈ? ਅੱਜਕਲ ਚਾਰੇ ਪਾਸੇ ਸਿੱਖਿਆ ਦਾ ਬਾਜ਼ਾਰੀਕਰਨ ਹੋ ਗਿਆ ਹੈ। ਵੱਕਾਰੀ ਲੋਕਾਂ ਦੇ ਭ੍ਰਿਸ਼ਟਾਚਾਰ ਦੀਆਂ ਕਹਾਣੀਆਂ/ਖਬਰਾਂ ਆਏ ਦਿਨ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਅਤੇ ਫਿਰ ਮਨ ਵਿਚ ਸਵਾਲ ਉੱਠਦਾ ਹੈ ਕਿ ਸ਼ਾਇਦ ਇਨ੍ਹਾਂ ਲੋਕਾਂ ਨੂੰ ਮਨੁੱਖੀ ਕਦਰਾਂ ਕੀਮਤਾਂ ਦੀ ਗੁਣਵੱਤਾ ਵਾਲੀ ਸਿੱਖਿਆ ਨਹੀਂ ਮਿਲੀ ਹੋਵੇਗੀ। ਸਰਕਾਰ ਦਾ ਇਸ ਸਿੱਖਿਆ ਵੱਲ ਕਦੇ ਧਿਆਨ ਹੀ ਨਹੀਂ ਗਿਆ। ਪਿਛਲੇ ਕੁਝ ਦਹਾਕਿਆਂ ਤੋਂ ਸਿੱਖਿਆ ਦੇ ਖੇਤਰ ਵਿਚ ਕਾਫੀ ਗਿਰਾਵਟ ਆਈ ਹੈ, ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ।

ਮਨੁੱਖਤਾ ਦੀ ਪਛਾਣ ਨੈਤਿਕ ਕਦਰਾਂ-ਕੀਮਤਾਂ ਨਾਲ ਹੀ ਹੁੰਦੀ ਹੈ। ਆਦਮੀ ਨੂੰ ਇਹ ਸਿੱਖਿਆ ਉਸ ਦੇ ਘਰ ਤੋਂ ਹੀ ਮਿਲਣੀ ਸ਼ੁਰੂ ਹੁੰਦੀ ਹੈ, ਜਿਸ ਨੂੰ ਅਸੀਂ 'ਸੰਸਕਾਰ' ਕਹਿੰਦੇ ਹਾਂ। ਸਿੱਖਿਆ ਮਨੁੱਖ ਦੇ ਸਮੁੱਚੇ ਵਿਕਾਸ ਲਈ ਉਸ ਦੇ ਵੱਖ-ਵੱਖ ਪਹਿਲੂਆਂ ਨੂੰ ਸਿੱਖਿਅਤ ਕਰਨ ਦੀ ਪ੍ਰਕਿਰਿਆ ਹੈ। ਇਸ ਨਾਲ ਮਨੁੱਖ ਰਚਨਾਤਮਕ ਕੰਮ ਕਰਨ, ਦੂਜਿਆਂ ਦੀ ਸਹਾਇਤਾ ਕਰਨ, ਰਾਸ਼ਟਰੀ ਕੰਮਾਂ 'ਚ ਸਹਿਯੋਗ ਦੇਣ ਦੀ ਭਾਵਨਾ ਦਾ ਵਿਕਾਸ ਕਰਦਾ ਹੈ ਪਰ ਅੱਜਕਲ ਦੇ ਬੱਚਿਆਂ 'ਚ ਸੰਜਮ, ਵਫ਼ਾਦਾਰੀ, ਸਵੈਮਾਣ ਵਰਗੇ ਗੁਣ ਦਿਖਾਈ ਨਹੀਂ ਦਿੰਦੇ।



**ਪ੍ਰਿੰ. ਮੋਹਨ ਲਾਲ ਸ਼ਰਮਾ**

ਅੱਜ ਦੇਸ਼ 'ਚ ਸਾਖਰਤਾ ਦੀ ਦਰ ਜ਼ਰੂਰ ਵਧੀ ਹੈ ਪਰ ਕਦਰਾਂ-ਕੀਮਤਾਂ 'ਚ ਲਗਾਤਾਰ ਗਿਰਾਵਟ ਆ ਰਹੀ ਹੈ।

ਸਕੂਲਾਂ 'ਚ ਵਿਦਿਆਰਥੀਆਂ ਦਾ ਰਵੱਈਆ ਰੋਬੋਟ ਵਰਗਾ ਹੋ ਗਿਆ ਹੈ। ਬੱਚੇ ਕਿਤੇ ਨਾ ਕਿਤੇ ਰੱਟਾ ਲਾਉਣ ਦੀ ਪ੍ਰਵਿਰਤੀ ਦਾ ਸ਼ਿਕਾਰ ਹੋ ਰਹੇ ਹਨ। ਅੱਜ ਦੀ ਸਿੱਖਿਆ ਪ੍ਰਣਾਲੀ ਨਾਲ ਬੱਚਾ ਡਾਕਟਰ, ਇੰਜੀਨੀਅਰ ਜਾਂ ਕੋਈ ਵੱਡਾ ਅਫਸਰ ਤਾਂ ਬਣ ਜਾਂਦਾ ਹੈ ਪਰ ਉਸ 'ਚ ਕਦਰਾਂ-ਕੀਮਤਾਂ ਦੇ ਗੁਣ ਬਿਲਕੁਲ ਦਿਖਾਈ ਨਹੀਂ ਦਿੰਦੇ। ਉਹ ਸਿਰਫ ਧਨ-ਦੌਲਤ ਨੂੰ ਹੀ ਮਹੱਤਤਾ ਦਿੰਦਾ ਹੈ ਅਤੇ ਉਸ ਦਾ ਇਕੋ-ਇਕ ਉਦੇਸ਼ ਧਨ ਕਮਾਉਣਾ ਹੀ ਰਹਿ ਜਾਂਦਾ ਹੈ, ਚਾਹੇ ਉਹ ਕਿਸੇ ਵੀ ਤਰੀਕੇ ਕਮਾਇਆ ਜਾਵੇ।

ਅੱਜ ਦੇ ਬੱਚਿਆਂ ਦੀ ਸੋਚ ਨਾਂਹ-ਪੱਖੀ ਸ਼ੈਲੀ ਵਾਲੀ ਬਣ ਚੁੱਕੀ ਹੈ। ਇਸੇ ਕਾਰਨ ਬੱਚੇ ਤੇ ਨੌਜਵਾਨ ਵਰਗ ਮਾਨਸਿਕ ਤਣਾਅ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਇਸ ਦੇ ਲਈ ਸ਼ਾਇਦ ਜਿੰਨਾ ਪ੍ਰਸ਼ਾਸਨ ਜ਼ਿੰਮੇਵਾਰ ਹੈ, ਓਨੇ ਹੀ ਮਾਪੇ ਤੇ ਅਧਿਆਪਕ ਵੀ ਜ਼ਿੰਮੇਵਾਰ ਹਨ। ਅੱਜ ਦੇ ਬੱਚੇ ਸਾਡੇ ਕੱਲ ਦਾ ਭਵਿੱਖ ਹਨ।

ਜੇ ਅੱਜ ਨੈਤਿਕ ਕਦਰਾਂ-ਕੀਮਤਾਂ 'ਚ ਗਿਰਾਵਟ ਆਈ ਹੈ ਤਾਂ ਉਹ ਇਸ ਲਈ ਕਿ ਮਾਪੇ ਤੇ ਅਧਿਆਪਕ ਬੱਚਿਆਂ ਸਾਹਮਣੇ ਕੋਈ ਆਦਰਸ਼ ਤਸਵੀਰ ਪੇਸ਼ ਨਹੀਂ ਕਰਦੇ। ਮਾਂ-ਪਿਓ ਦੇ ਝਗੜੇ, ਤਲਾਕ, ਖ਼ੁਦਕੁਸ਼ੀਆਂ ਵਰਗੇ ਕਈ ਹਿੰਸਕ ਦ੍ਰਿਸ਼ਾਂ ਨੂੰ ਘਰ 'ਚ ਹੀ ਦੇਖ ਕੇ ਬੱਚੇ ਦੇ ਮਨ 'ਤੇ ਬੁਰਾ ਅਸਰ ਪੈਂਦਾ ਹੈ ਤੇ ਇਸੇ ਕਾਰਨ ਉਹ ਕਦਰਾਂ-ਕੀਮਤਾਂ ਨੂੰ ਭੁੱਲ ਰਹੇ ਹਨ।

ਇਸ ਲਈ ਕਿਤਾਬੀ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਵੀ ਜ਼ਰੂਰੀ ਹੈ। ਪਰਿਵਾਰ ਹੀ ਬੱਚਿਆਂ ਦਾ ਪਹਿਲਾ ਸਕੂਲ ਹੁੰਦਾ ਹੈ। ਜੇ ਪਰਿਵਾਰ ਵਲੋਂ ਬੱਚਿਆਂ ਨੂੰ ਚੰਗੇ ਸੰਸਕਾਰ ਦਿੱਤੇ ਜਾਣਗੇ ਤਾਂ ਬੱਚੇ ਅੱਗੇ ਜਾ ਕੇ ਦੇਸ਼ ਅਤੇ ਸਮਾਜ ਦੇ ਵਿਕਾਸ 'ਚ ਚੰਗਾ ਯੋਗਦਾਨ ਪਾ ਸਕਣਗੇ।

ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਕਾਰਨ ਅੱਜ ਪਰਿਵਾਰ ਟੁੱਟ ਰਹੇ ਹਨ, ਭ੍ਰਿਸ਼ਟਾਚਾਰ ਵਧ ਰਿਹਾ ਹੈ ਤੇ ਅਪਰਾਧਾਂ ਦਾ ਗਰਾਫ ਵਧਦਾ ਜਾ ਰਿਹਾ ਹੈ। ਇਸ ਲਈ ਬੱਚਿਆਂ ਅੰਦਰ ਚੰਗੇ ਸੰਸਕਾਰਾਂ ਦਾ ਹੋਣਾ ਜ਼ਰੂਰੀ ਹੈ। ਇਸ ਤੋਂ ਵੀ ਪਹਿਲਾਂ ਜ਼ਰੂਰੀ ਹੈ ਕਿ ਅਸੀਂ ਆਪਣੇ ਚਰਿੱਤਰ ਅਤੇ ਚੰਗੇ ਵਰਤਾਓ ਨਾਲ ਬੱਚਿਆਂ ਸਾਹਮਣੇ ਨੈਤਿਕ ਕਦਰਾਂ-ਕੀਮਤਾਂ ਦੀ ਮਿਸਾਲ ਪੇਸ਼ ਕਰੀਏ।

ਪ੍ਰਾਚੀਨ ਸਮੇਂ 'ਚ ਸਾਡੇ ਦੇਸ਼ ਅੰਦਰ ਸਿੱਖਿਆ ਲਈ ਗੁਰੂਕੁਲ, ਮੱਠ, ਆਸ਼ਰਮ ਹੁੰਦੇ ਸਨ ਅਤੇ ਵਿਦਿਆਰਥੀ ਕਦਰਾਂ-ਕੀਮਤਾਂ ਦੀ ਸਿੱਖਿਆ ਹਾਸਿਲ ਕਰਦੇ ਸਨ। ਵੈਦਿਕ ਸਿੱਖਿਆ ਪ੍ਰਣਾਲੀ ਦਾ ਵੀ ਮੰਨਣਾ ਹੈ ਕਿ ਸਮੁੱਚਾ ਗਿਆਨ ਮਨੁੱਖ ਦੇ ਅੰਦਰ ਹੀ ਸਥਿਤ ਹੈ। ਸਵਾਮੀ ਵਿਵੇਕਾਨੰਦ ਵੀ ਕਹਿੰਦੇ ਹਨ ਕਿ ਮਨੁੱਖ ਦੀ ਅੰਦਰੂਨੀ ਪੂਰਨਤਾ ਨੂੰ ਪ੍ਰਗਟ ਕਰਨਾ ਹੀ ਸਿੱਖਿਆ ਹੈ। ਇਹ ਗਿਆਨ ਚਾਹੇ ਭੌਤਿਕ ਹੋਵੇ, ਨੈਤਿਕ ਹੋਵੇ ਜਾਂ ਅਧਿਆਤਮਕ ਹੋਵੇ ਪਰ ਉਹ ਮਨੁੱਖ ਦੀ ਆਤਮਾ 'ਚ ਜ਼ਰੂਰ ਹੈ। ਲੋੜ ਹੈ ਉਸ ਗਿਆਨ ਨੂੰ ਬਾਹਰ ਕੱਢਣ ਦੀ ਤੇ ਇਸ ਦਾ ਸ੍ਰੇਸ਼ਠ ਸਾਧਨ ਹੈ ਸਿੱਖਿਆ।

ਅੱਜ ਵੀ ਅਜਿਹੇ ਬਹੁਤ ਸਾਰੇ ਆਦਰਸ਼ ਅਧਿਆਪਕ ਹਨ, ਜੋ ਮਿਹਨਤੀ, ਸਹਿਜ ਸੁਭਾਅ ਦੇ ਅਤੇ ਲਗਨ ਨਾਲ ਬੱਚਿਆਂ ਨੂੰ ਪੜ੍ਹਾਉਣ ਵਾਲੇ ਹਨ। ਉਹ ਆਪਣੇ ਵਿਦਿਆਰਥੀਆਂ ਨੂੰ ਬੁਨਿਆਦੀ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਵੀ ਕਿਤਾਬੀ ਸਿੱਖਿਆ ਦੇ ਨਾਲ-ਨਾਲ ਦੇ ਰਹੇ ਹਨ। ਦੇਸ਼ 'ਚ ਸਿੱਖਿਆ ਦੇ ਖੇਤਰ 'ਚ ਸਿਆਸੀ ਇੱਛਾ ਸ਼ਕਤੀ ਦੀ ਘਾਟ ਹੈ।

ਦੇਸ਼ ਦਾ ਸਰਵਪੱਖੀ ਵਿਕਾਸ ਤਾਂ ਹੀ ਸੰਭਵ ਹੈ, ਜੇ ਸਰਕਾਰ ਸਿੱਖਿਆ ਨੂੰ ਮੁੱਢਲੇ ਏਜੰਡੇ ਵਜੋਂ ਲਵੇਗੀ। ਇਕ ਨਾਗਰਿਕ ਹੋਣ ਦੇ ਨਾਤੇ ਵੀ ਸਾਨੂੰ ਸਵੈ-ਨਿਰੀਖਣ ਕਰਨ ਦੀ ਲੋੜ ਹੈ। ਸਾਨੂੰ ਅਧਿਆਪਕਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਣਾ ਪਵੇਗਾ ਕਿਉਂਕਿ ਅਧਿਆਪਕ ਰਾਸ਼ਟਰ ਦੀ ਸੱਭਿਅਤਾ ਦੇ ਚਲਾਕ ਮਾਲੀ ਹੁੰਦੇ ਹਨ, ਜੋ ਸੰਸਕਾਰਾਂ ਦੀਆਂ ਜੜ੍ਹਾਂ 'ਚ ਖਾਦ ਦਿੰਦੇ ਹਨ ਅਤੇ ਆਪਣੀ ਮਿਹਨਤ ਨਾਲ ਉਨ੍ਹਾਂ ਨੂੰ ਸਿੰਜ ਕੇ ਉਨ੍ਹਾਂ ਨੂੰ ਮਹਾਪ੍ਰਾਣ ਤਾਕਤਾਂ ਬਣਾਉਂਦੇ ਹਨ।

davsamana@gmail.com

**ਜਗ ਬਾਣੀ**
ਜਲੰਧਰ, R.N.I. regd. no. 30794/78 ਪੋਸਟਲ ਰਜਿ. ਨੰ. PB/JL-193/2018-20
ਜਲੰਧਰ ਹੈੱਡ ਆਫਿਸ : 0181-5030000/1, 2280104/7,5067200/1.
ਟੋਲ ਫ੍ਰੀ ਨੰਬਰ : 18001371800
ਫੈਕਸ : 0181-2280111/114, 5063750, 5030036
ਇਸ਼ਤਿਹਾਰ : 0181-5067249,5067206,5067263,5067253
advt@punjabkesari.in,news@thepunjabkesari.com
ਸਰਕੁਲੇਸ਼ਨ : 98151-65655, 0181-5067251
ਮਾਲਕ ਹਿੰਦ ਸਮਾਚਾਰ ਲਿਮਟਿਡ ਸਿਵਲ ਲਾਈਨਜ਼ ਜਲੰਧਰ ਦੇ ਲਈ ਮੁਦਰਕ, ਪ੍ਰਕਾਸ਼ਕ ਅਤੇ ਸੰਪਾਦਕ ਆਰ. ਐੱਸ. ਜੌਲੀ * ਵਲੋਂ ਪੰਜਾਬ ਕੇਸਰੀ ਪ੍ਰਿੰਟਿੰਗ ਪ੍ਰੈੱਸ, ਸਵਦੇਸ਼ ਪ੍ਰਿੰਟਿੰਗ ਪ੍ਰੈੱਸ, ਪ੍ਰੋਪਰਾਈਟਰ ਵਿਜੇ ਪ੍ਰਿੰਟਿੰਗ ਪ੍ਰੈੱਸ, ਜਲੰਧਰ ਤੋਂ ਛਪਵਾ ਕੇ ਸਿਵਲ ਲਾਈਨਜ਼ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
*ਇਸ ਅੰਕ ਵਿਚ ਪ੍ਰਕਾਸ਼ਿਤ ਖ਼ਬਰਾਂ ਦੀ ਚੋਣ ਅਤੇ ਸੰਪਾਦਨ ਵਾਸਤੇ ਪੀ.ਆਰ.ਬੀ. ਐਕਟ ਦੇ ਅਧੀਨ ਜਵਾਬਦੇਹ।